# ਦੁਆ ਕਰਨ ਵਾਲਾ ਮਸੀਹ
## ਯੂਹੰਨਾ 17:1–26

*''ਪਰ ਉਹ ਆਪ ਉਜਾੜਾਂ ਵਿਚ ਜਾਂਦਾ ਅਤੇ ਪ੍ਰਾਰਥਨਾ ਕਰਦਾ ਹੁੰਦਾ ਸੀ'' (ਲੂਕਾ 5:16)।*

ਦੁਆ ਖ਼ੁਦਾ ਵਾਂਗੂ ਹੀ ਸ਼ਕਤੀਸ਼ਾਲੀ ਹੈ; ਕਿਉਂਕਿ ਉਸਨੇ ਉਸਦਾ ਜਵਾਬ ਦੇਣ ਦਾ ਵਾਅਦਾ ਕੀਤਾ ਹੈ। ਖ਼ੁਦਾ ਦੀ ਮਰਜ਼ੀ ਅਤੇ ਸ਼ਕਤੀ ਦੀਆਂ ਹੱਦਾਂ ਦੀ ਦੁਆ ਦੀਆਂ ਹੱਦਾਂ ਹਨ।

ਯਿਸੂ ਇਸ ਸੱਚਾਈ ਨੂੰ ਮੰਨਦਾ ਅਤੇ ਇਸ ਤੇ ਚੱਲਦਾ ਸੀ। ਲਾਜ਼ਰ ਦੀ ਕਬਰ ਤੇ ਯਿਸੂ ਨੇ ਆਪਣੀ ਦੁਆਈਆ ਜ਼ਿੰਦਗੀ ਦਾ ਐਲਾਨ ਕੀਤਾ। ਯੂਹੰਨਾ 11:41–43 ਕਹਿੰਦਾ ਹੈ:

> ਸੋ ਉਨ੍ਹਾਂ ਉਸ ਪੱਥਰ ਨੂੰ ਹਟਾ ਦਿੱਤਾ ਅਤੇ ਯਿਸੂ ਨੇ ਅੱਖਾਂ ਉਤਾਹਾਂ ਕਰ ਕੇ ਆਖਿਆ, ਹੇ ਪਿਤਾ ਮੈਂ ਤੇਰਾ ਸ਼ੁਕਰ ਕਰਦਾ ਹਾਂ ਜੋ ਤੈਂ ਮੇਰੀ ਸੁਣੀ। ਅਤੇ ਮੈਂ ਜਾਣਿਆ ਜੋ ਤੂੰ ਮੇਰੀ ਸਦਾ ਸੁਣਦਾ ਹੈਂ ਪਰ ਇਨ੍ਹਾਂ ਲੋਕਾਂ ਦੇ ਕਾਰਣ ਜਿਹੜੇ ਆਲੇ ਦੁਆਲੇ ਖੜੇ ਹਨ ਮੈਂ ਇਹ ਆਖਿਆ ਤਾਂ ਓਹ ਪਰਤੀਤ ਕਰਨ ਜੋ ਤੈਂ ਮੈਨੂੰ ਘੱਲਿਆ। ਇਹ ਕਹਿ ਕੇ ਉੱਚੀ ਅਵਾਜ਼ ਮਾਰੀ ਕਿ ਲਾਜ਼ਰ, ਬਾਹਰ ਆ!

*ਦੁਆ ਕਰਨ ਵਾਲਾ ਮਸੀਹ!* ਦੁਆ ਕਰਨ ਵਾਲਾ ਖ਼ੁਦਾ! *ਧਿਆਨ ਖਿੱਚੂ!* ਯਿਸੂ ''ਖ਼ੁਦਾ ਮਨੁੱਖ ਦੇ ਅੰਦਰ'' ਸੀ, ਜਿਸ ਕੋਲ ਬਿਨਾਂ ਮਾਪ ਦੇ ਆਤਮਾ ਸੀ (ਯੂਹੰਨਾ 1:1, 14–17; 3:34), ਤਾਂ ਵੀ ਉਸ ਨੂੰ *ਦੁਆ ਦੀ ਲੋੜ ਸੀ।* ਉਸਨੇ ਧਰਤੀ ਤੇ ਰਹਿਣ ਵਾਲੇ ਕਿਸੇ ਵੀ ਦੂਜੇ ਆਦਮੀ ਨਾਲੋਂ ਵੱਧ ਦੁਆ ਕੀਤੀ। ਮਸੀਹ ਦੀ ਜ਼ਿੰਦਗੀ ਵਿਚ ਦੁਆ ਦੇ ਮਹੱਤਵ ਅਤੇ ਸਥਾਨ ਨੂੰ ਵੇਖਣਾ ਹੈਰਾਨ ਕਰਨ ਵਾਲਾ ਹੈ।

ਕੁਝ ਤੱਥ ਹਨ, ਜਿਨ੍ਹਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਯਿਸੂ ਨੇ ਅਸਲ ਵਿਚ ਦੁਆ ਤੇ ਬੜੀ ਘੱਟ ਸਿੱਖਿਆ ਦਿੱਤੀ–ਸਭ ਤੋਂ ਅਹਿਮ ਸਿੱਖਿਆ ਲੂਕਾ 11 ਵਿਚ ਮਿਲਦੀ ਹੈ, ਜਦ ਰਸੂਲਾਂ ਨੇ ਉਸ ਨੂੰ ਦੁਆ ਕਰਨਾ ਸਿਖਾਉਣ ਲਈ ਕਿਹਾ ਸੀ। ਯਿਸੂ ਨੇ ਨਕਾਰਾਤਮਕ ਪ੍ਰਚਾਰ ਵੀ ਕੀਤਾ (ਮੱਤੀ 6:5–8)। ਉਸ ਨੇ ਦੁਆ ਦੀ ਦੁਰਵਰਤੋਂ ਦੀ ਚਿਤਾਵਨੀ ਦਿੱਤੀ ਸੀ: ਪਹਿਲੀ ਇਹ ਕਿ ਕਪਟੀਆਂ ਵਾਂਗ ਦੁਆ ਹੁੰਦੀ ਹੈ (ਆਇਤ 5), ਅਤੇ ਦੂਜੀ, ਕਾਫ਼ਰਾਂ (''ਗੈਰ ਕੌਮਾਂ''; ਆਇਤ 7) ਵਾਂਗ ਦੁਆ। ਦੁਆ ਦੇ ਵਿਸ਼ੇ ਵਿਚ ਯਿਸੂ ਨੇ ਬਹੁਤ ''ਸੀਮਤ'' ਦੱਸਿਆ ਸੀ, ਉਸਨੇ ਸਾਨੂੰ ਆਪਣੀ ਨਿੱਜੀ ਦੁਆ ਬੰਦ ਕੋਠਰੀ ਵਿਚ ਕਰਨ ਦੀ ਸਲਾਹ ਦਿੱਤੀ। ਯਿਸੂ ਨੇ ਕਿਹਾ ਕਿ ਗੁਪਤ ਵਿਚ ਕੀਤੀਆਂ ਕਈ ਦੁਆਵਾਂ ਦਾ ਈਨਾਮ ਸਭ ਦੇ ਸਾਹਮਣੇ ਦਿੱਤਾ ਜਾਵੇਗਾ। ਯਿਸੂ ਨੇ ਹੰਕਾਰੀ ਅਤੇ ਦਿਖਾਵਟੀ ਦੁਆਵਾਂ ਲਈ ਝਿੜਕਿਆ। ਗਤਸਮਨੀ ਵਿਚ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਆਪਣੇ ਨਾਲ ਦੁਆ ਲਈ ਬੁਲਾਉਣ ਤੇ ਵੀ, ਯਿਸੂ ਉਨ੍ਹਾਂ ਤੋਂ ਅਲਹਿਦਾ ਹੋ ਕੇ ਕੁਝ ਫ਼ਾਸਲੇ ਤੇ ਚਲਿਆ ਗਿਆ (ਲੂਕਾ 22:41)। ਯਿਸੂ ਦੀ ਨਜ਼ਰ ਵਿਚ, ਦੁਆ ਬਹੁਤ ਹੀ ਨਿੱਜੀ ਸੀ।

### ਤੱਥ

ਆਓ ਦੁਆ ਬਾਰੇ ਵਿਚ ਯਿਸੂ ਦੀਆਂ ਸਿੱਖਿਆਵਾਂ ਦੇ ਕੁਝ ਹੋਰ ਤੱਥਾਂ ਤੇ ਵਿਚਾਰ ਕਰਦੇ ਹਾਂ। ਯਿਸੂ ਨੇ ਕਦੇ ਦੁਆ ਕਰਨ ਵਾਲੇ ਸਹਿਯੋਗੀ ਮੁਕੱਰਰ ਨਹੀਂ ਕੀਤੇ ਸਨ। ਮਿਲ ਕੇ ਦੁਆ ਕਰਨਾ ਬਾਈਬਲ ਦੇ ਖ਼ਿਲਾਫ਼ ਨਹੀਂ ਹੈ। ਕਿਸੇ ਵੱਡੇ ਭਾਈ ਨੂੰ ਜਵਾਬ ਦੇਣਾ ਵਚਨ ਦੇ ਮੁਤਾਬਕ ਨਹੀਂ ਹੈ। ਯਿਸੂ ਨੇ ਆਪਣੇ ਨਾਲ ਕਦੀ ''ਦੁਆ ਦੇ ਯੋਧੇ'' ਨਹੀਂ ਰੱਖੇ ਸਨ। ਇਹ ''ਹੱਦੋਂ ਵੱਧ ਮੂਰਖਤਾ'' ਹੀ ਹੈ। ਸੱਤਰ

ਜਣਿਆਂ ਨੂੰ ਬੜੇ ਵਿਸਤਾਰ ਨਾਲ ਸਮਝਾ ਕੇ ਭੇਜਦਿਆਂ ਉਸਨੇ ਕਿਤੇ ਦੁਆ ਕਰਨ ਦੀ ਗੱਲ ਨਹੀਂ ਕੀਤੀ। ਲੂਕਾ 10: 1–16; ਲੂਕਾ 9: 1–6 ਵੀ ਵੇਖੋ; ਜਿੱਥੇ ਯਿਸੂ ਰਸੂਲਾਂ ਨੂੰ ਬਾਹਰ ਭੇਜ ਰਿਹਾ ਸੀ ਬਾਈਬਲ ਰਸੂਲਾਂ ਨਾਲ ਯਿਸੂ ਦੀ ''ਰੋਜ਼ਾ ਮਰੱਾ ਦੀ ਉਪਾਸਨਾ'' ਬਾਰੇ ਕੁਝ ਨਹੀਂ ਦੱਸਦੀ। ਵਚਨ ਵਿਚ ਉਸਨੇ ਉਨ੍ਹਾਂ ਤੋਂ ਕਦੇ ਨਹੀਂ ਪੁੱਛਿਆ ਕਿ ''ਤੁਹਾਡੀ ਦੁਆਈਆ ਜ਼ਿੰਦਗੀ ਕਿਹੋ ਜਿਹੀ ਹੈ?'' ਜਾਂ ''ਕੀ ਤੁਸੀਂ ਇਸ ਲਈ ਦੁਆ ਕੀਤੀ ਹੈ?'' ਉਸਨੇ ਉਸ ਕੋਲ ਮੁਸ਼ਕਿਲਾਂ ਲਿਆਉਣ ਵਾਲੇ ਲੋਕਾਂ ਨੂੰ ਕਦੀ ਇਹ ਸੁਝਾਅ ਨਹੀਂ ਦਿੱਤਾ ਕਿ ''ਇਸ ਲਈ ਬਸ ਦੁਆ ਹੀ ਕਰੋ।''

ਯਿਸੂ ਨੇ ਕਦੀ ਦੁਆ ਨੂੰ ਬੜਾਵਾ ਨਹੀਂ ਦਿੱਤਾ। ਉਸਨੇ ''ਵਿਅਰਥ ਬਕ–ਬਕ'' ਕਰਨ ਦੇ ਵਿਰੁਧ ਚੇਤਾਵਨੀ ਦਿੱਤੀ, ਪਰ ਹਠ ਨਾਲ ਦੁਆ ਕਰਨ ਦੀ ਹਮਾਇਤ ਕੀਤੀ। ਯਿਸੂ ਨੇ ਪਤਰਸ ਦੇ ਇਲਾਵਾ ਨਾਂਅ ਲੈ ਕੇ ਦੁਆ ਕਿਸੇ ਰਸੂਲ ਲਈ ਨਹੀਂ ਕੀਤੀ (ਲੂਕਾ 22:31, 32)। ਯਿਸੂ ਦੇ ਨਾਲ ਕਦੀ ਨਾਟਕ, ਮੰਚ, ਮੁਜ਼ਾਹਰਾ, ਨਵੀਂ ਗੱਲ, ਐਕਟਿੰਗ ਜਾਂ ਨਾਲ ਮਿਲਕੇ ਗਾਉਣ–ਵਜਾਉਣ ਵਾਲੀ ਗੱਲ ਨਹੀਂ ਹੋਈ। ਯਿਸੂ ਲਈ ਦੁਆ ਪ੍ਰਮਾਣਿਕ ਸੀ।

*ਅਸਲ ਤੱਥ ਇਹ ਹੈ* ਕਿ ਯਿਸੂ ਦੁਆ ਨੂੰ ਤਰਜੀਹ ਦਿੰਦਾ ਸੀ। ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਲਈ, ਦੁਆ ਜੰਗ ਵਾਸਤੇ ਤਿਆਰੀ ਵਾਂਗ ਹੈ। ਯਿਸੂ ਲਈ ਦੁਆ ਆਪਣੇ ਆਪ ਵਿਚ ਇਕ ਜੰਗ ਸੀ; ਮਸੀਹ ਦੀ ਜ਼ਿੰਦਗੀ ਵਿਚ ਦੁਆ ਕਰਮ ਸੀ, ਅਤੇ ਸੇਵਕਾਈ ਉਸਦਾ ਫਲ। ਪਸੀਨਾ ਲਹੂ ਵਾਂਗੂ ਕਿੱਥੇ ਡਿੱਗਿਆ ਸੀ? ਨਾ ਗਲੀਲ ਦੀ ਝੀਲ ਵਿਚ, ਨਾ ਪਿਲਾਤੂਸ ਦੇ ਦਰਬਾਰ ਵਿਚ, ਨਾ ਗੁਲਗਥਾ ਵਿਚ। ''ਪਸੀਨਾ ਲਹੂ ਦੇ ਵੱਡੇ ਕੱਤਰਿਆਂ ਵਾਂਗ'' ਉਦੋਂ ਡਿੱਗਿਆ ਜਦ ਯਿਸੂ ਗਤਸਮਨੀ (''ਦਾਖ ਦਾ ਰਸ ਕੱਢਣ ਵਾਲਾ ਵੇਲਣਾ'') ਵਿਚ ਦੁਆ ਕਰ ਰਿਹਾ ਸੀ (ਲੂਕਾ 22:44)। ਪਰੀਖਿਆ ਆਉਣ ਤੇ ਯਿਸੂ ਫ਼ਤਹਿਮੰਦ ਹੋਇਆ, ਕਿਉਂਕਿ ਉਸਨੇ ਪਰੀਖਿਆ ਦੁਆ ਕਰਕੇ ਦਿੱਤੀ ਸੀ। ਖ਼ੁਦਾ ਨੂੰ ਸਮਰਪਣ ਕਰ ਦਿਓ ... ਖ਼ੁਦਾ ਤੇ ਪੂਰਾ ਭਰੋਸਾ ਰੱਖੋ ... ਖ਼ੁਦਾ ਅੱਗੇ ਆਪਣੇ ਆਪ ਨੂੰ ਸੌਂਪ ਦਿਓ। ਜ਼ਿੰਦਗੀ ਵਿਚ ਅਸੀਂ ਡਿੱਗਦੇ ਇਸੇ ਲਈ ਹਾਂ, ਕਿਉਂਕਿ ਅਸੀਂ ਦੁਆ ਵਿਚ ਪਿੱਛੜ ਜਾਂਦੇ ਹਾਂ। ਯਿਸੂ ਲਈ, ਪਿਤਾ ਦੇ ਨਾਲ ਹੋਣ ਅਤੇ ਉਸਦੇ ਨਾਲ ਗੱਲ ਕਰਨ ਨਾਲੋਂ ਵੱਡੀ ਕੋਈ ਗੱਲ ਨਹੀਂ ਸੀ। ਉਸਦਾ ਫ਼ੈਸਲਾ ਕਲਵਰੀ ਤੇ ਨਹੀਂ, ਗਤਸਮਨੀ ਵਿਚ ਲਿਆ ਗਿਆ ਸੀ! ਸਚਮੁਚ ਉਹ ''ਦੁਆ ਕਰਨ ਵਾਲਾ ਮਸੀਹ'' ਸੀ।

## ਵਕਤ

ਯਿਸੂ ਲਈ ਦੁਆ ਕਰਨਾ ਸਾਹ ਲੈਣ ਵਾਂਗ ਹੀ ਸੁਭਾਵਿਕ ਸੀ। ਇੰਜੀਲ ਦੇ ਲੇਖਕਾਂ ਨੇ ਯਿਸੂ ਦੇ ਜ਼ਿੰਦਗੀ ਵਿਚ ਦੁਆ ਦੀਆਂ ਵੀਹ ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਹਨ। ਉਹ ਮਸਰੂਫ਼ ਸੀ, ਪਰ ਇੰਨਾਂ ਵੀ ਨਹੀਂ। ਉਸਨੇ ਕਦੇ ਕਾਹਲੀ ਜਾਂ ਹੜਬੜੀ ਨਹੀਂ ਕੀਤੀ। ਇੰਜੀਲ ਦੇ ਲੇਖਕਾਂ ਨੇ 150 ਤੋਂ ਵੱਧ ਘਟਨਾਵਾਂ ਦਰਜ ਕੀਤੀਆਂ ਹਨ, ਜਿੱਥੇ ਯਿਸੂ ਨੇ ਜਵਾਨ ਅਤੇ ਬੁੱਢੇ, ਨਿੱਕੇ ਅਤੇ ਵੱਡੇ, ਅਮੀਰ ਅਤੇ ਗ਼ਰੀਬ, ਚੰਗੇ ਅਤੇ ਬੁਰੇ ਲੋਕਾਂ ਨਾਲ ਗੱਲਬਾਤ ਕੀਤੀ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਉਸਦੀ ਨਰਮਾਈ ਸੀ। ਉਹ ਸਿੱਧ, ਸ਼ਕਤੀਵਾਨ ਅਤੇ ਰਹਿਮਦਿਲ ਸੀ, ਇਸਦੇ ਬਾਵਜੂਦ ਸਭ ਨੂੰ ਉਸਦੀ ਨਿੰਦਾ, ਅਲੋਚਨਾ ਜਾਂ ਵਿਰੋਧ ਕਰਨ ਦੀ ਪੂਰੀ ਛੋਟ ਸੀ। ਯਿਸੂ ਦੇ ਪਰਿਵਾਰ ਉਸ ਦੇ ਚੇਲਿਆਂ ਅਤੇ ਉਸ ਦੇ ਦੁਸ਼ਮਣਾ ਨੇ ਨਿੱਜੀ ਤੌਰ ਤੇ ਉਸ ਦਾ ਸਾਹਮਣਾ ਕੀਤਾ। ਇਹ ਉਸ ਦੀ ਦੀਨਤਾ ਨੂੰ ਸਲਾਮ ਹੈ। ਯਿਸੂ ਇਸ ਲਈ ਕਾਮਯਾਬ ਸੀ, ਕਿਉਂਕਿ ਉਸਨੇ ਦੁਆ ਲਈ ਵਕਤ ਕੱਢਿਆ।

ਦਿਨ ਨਿਕਲਣ ਤੋਂ ਬਹੁਤ ਪਹਿਲਾਂ ਯਿਸੂ ਦੁਆ ਲਈ ਉਠਦਾ ਸੀ (ਮਰਕੁਸ 1:35)। ਮਨੁੱਖ ਦੀ ਸੇਵਾ ਕਰਨ ਤੋਂ ਪਹਿਲਾਂ ਉਹ ਖ਼ੁਦਾ ਨਾਲ ਮੁਲਾਕਾਤ ਕਰਦਾ ਸੀ। ਦਿਨ ਭਰ ਦੁਆ ਕਰਦੇ ਰਹੋ। ਸਵੇਰੇ ਦੁਆ ਕਰਨ ਲਈ ਛੇਤੀ ਉੱਠੋ। ਜੇ ਦਿਨ ਭਰ ਤੁਸੀਂ ਬਹੁਤ ਹੀ ਮਸਰੂਫ਼ ਹੋ, ਤਾਂ ਦੁਆ ਲਈ ਥੋੜ੍ਹਾ ਛੇਤੀ ਉਠ ਜਾਓ। ਕੀ ਅਸੀਂ ਦੁਆ ਲਈ ਛੇਤੀ ਉੱਠਣ ਵਿਚ ਆਲਸ ਕਰਦੇ ਹਾਂ? ਅਨੁਸ਼ਾਸਨ

ਦੀ ਕਮੀ ਦੇ ਕਾਰਣ ਬਹੁਤ ਸਾਰੇ ਲੋਕ ਬਹੁਤ ਕੁਝ ਗੁਆ ਦਿੰਦੇ ਹਨ। ਯਿਸੂ ਕਦੀ ਇੰਨਾ ਮਸਰੂਫ਼ ਨਹੀਂ ਹੁੰਦਾ ਸੀ ਕਿ ਦੁਆ ਨਾ ਕਰ ਸਕੇ। ਦੁਆ ਦਾ ਵਕਤ, ਥਾਂ, ਨਿਤਨੇਮ ਜ਼ਰੂਰੀ ਹੈ। ਕਿਸੇ ਵੀ ਦੂਜੇ ਕੰਮ ਵਾਂਗ, ਦੁਆ ਔਖਾ ਕੰਮ ਹੈ; ਤਾਂ ਵੀ ਇਹ ਸਾਡਾ ਆਨੰਦ ਅਤੇ ਸਾਡੀ ਖੁਸ਼ੀ ਹੈ।

ਯਿਸੂ ਖਾਣੇ ਤੋਂ ਪਹਿਲਾਂ ਦੁਆ ਕਰਦਾ ਸੀ। ਲੂਕਾ 24: 13–35 ਸਲੀਬ ਦੀ ਘਟਨਾ ਦੇ ਇਕ ਹਫ਼ਤੇ ਬਾਅਦ ਇੰਮਾਉਸ ਨਾਮਕ ਪਿੰਡ ਵਿਚ ਜਾ ਰਹੇ ਟੁੱਟ ਚੁਕੇ ਚੇਲਿਆਂ ਦੀ ਦਿਲਚਸਪ ਕਹਾਣੀ ਦੱਸਦਾ ਹੈ। ਉਨ੍ਹਾਂ ਨੇ ਯਿਸੂ ਨੂੰ ਉਦੋਂ ਤਕ ਨਹੀਂ ਪਛਾਣਿਆ ਜਦ ਤਕ ਉਸ ਨੇ ਦੁਆ ਨਹੀਂ ਕੀਤੀ (ਲੂਕਾ 24:30, 31)। ਯਿਸੂ ਦੇ ਦੁਆ ਕਰਨ ਤੋਂ ਬਾਅਦ ਜ਼ਬਰਦਸਤ ਕੰਮ ਹੁੰਦੇ ਸਨ। ਉਸ ਦੇ ਬਪਤਿਸਮੇ ਵੇਲੇ ਅਕਾਸ਼ ਖੁੱਲ੍ਹ ਗਿਆ ਅਤੇ ਖ਼ੁਦਾ ਨੇ ਯਿਸੂ ਦੀ ਪਛਾਣ ਕਰਵਾਈ (ਲੂਕਾ 3:21, 22)! ਯਿਸੂ ਨੇ ਦੁਆ ਕੀਤੀ ਅਤੇ ਮੂਸਾ ਅਤੇ ਏਲੀਯਾਹ ਨਾਲ ਉਸ ਦਾ ਰੂਪ ਬਦਲਿਆ (ਲੂਕਾ 9:28–30)। ਯਿਸੂ ਨੇ ਦੁਆ ਕੀਤੀ ਅਤੇ ਇਕ ਫ਼ਰਿਸ਼ਤਾ ਉਸ ਨੂੰ ਹਿੰਮਤ ਦੇਣ ਲਈ ਆਇਆ (ਲੂਕਾ 22:43, 44)। ਯਿਸੂ ਦੇ ਦੁਆ ਕਰਨ ਦੇ ਬਾਅਦ ਘਟਨਾਵਾਂ ਵਾਪਰਦੀਆਂ ਸਨ। ਲਾਜ਼ਰ ਮੁਰਦਿਆਂ ਵਿੱਚੋਂ ਜੀ ਉੱਠਿਆ, ਕਿਉਂਕਿ ਯਿਸੂ ਨੇ ਦੁਆ ਕੀਤੀ (ਯੂਹੰਨਾ 11:41–43)। ਯਿਸੂ ਨੇ ਦੁਆ ਕੀਤੀ ਅਤੇ ਬੱਦਲ ਗਰਜੇ (ਯੂਹੰਨਾ 12:27–33)। ਜੇ ਅਸੀਂ ਰੋਜ਼ ਦੀ ਰੋਟੀ ਖ਼ੁਦਾ ਤੋਂ ਮੰਗਣਾ ਚਾਹੁੰਦੇ ਹਾਂ, ਤਾਂ ਸਾਨੂੰ ਚਾਹੀਦਾ ਹੈ ਕਿ ਇਸਦੇ ਲਈ ਸ਼ੁਕਰ ਵੀ ਕਰੀਏ।

ਆਪਣੇ ਬੱਚਿਆਂ ਨੂੰ ਦੁਆ ਵਿਚ ਸਿੱਖਿਅਤ ਬਨਾਉਣ ਲਈ ਖਾਣੇ ਦਾ ਸਮਾਂ ਬਿਲਕੁਲ ਸਹੀ ਹੈ। ਸੌਣ ਤੋਂ ਪਹਿਲਾਂ ਦਾ ਸਮਾਂ ਵੀ ਬੱਚਿਆਂ ਵਿਚ ਦੁਆ ਦੀ ਬੁਨਿਆਦ ਮਜ਼ਬੂਤ ਕਰਨ ਦਾ ਵਧੀਆ ਸਮਾਂ ਹੈ। ਯਿਸੂ ਦੁਆ ਕਰਦਾ ਸੀ, ਸਾਨੂੰ ਵੀ ਦੁਆ ਕਰਨੀ ਚਾਹੀਦੀ ਹੈ। ਸਾਨੂੰ ਬੱਚਿਆਂ ਨੂੰ ਦੁਆ ਕਰਨਾ ਸਿਖਾਉਣਾ ਚਾਹੀਦਾ ਹੈ।

ਯਿਸੂ ਰਾਤ ਰਾਤ (ਸ਼ਾਇਦ ਕਈ ਵਾਰ) ਦੁਆ ਕਰਦਾ ਸੀ। ਰਸੂਲਾਂ ਨੂੰ ਚੁਣਨ ਤੋਂ ਪਹਿਲਾਂ, ਯਿਸੂ ਨ ਸਾਰੀ ਰਾਤ ਦੁਆ ਕੀਤੀ ਸੀ (ਲੂਕਾ 6: 12)। ਮੇਰੇ ਲਈ ਰਾਤ ਨੂੰ ਦੁਆ ਕਰਨਾ ਅਸਾਨ ਹੁੰਦਾ ਸੀ। ਪਤਾ ਨਹੀਂ ਕਿਉਂ। ਓਨੀਅਨ ਕ੍ਰੀਕ ਦੇ ਕੰਢਿਆਂ ਹੇਠ ਮੇਰੀ ਇਕ ''ਪਸੰਦੀਦਾ ਪਹਾੜੀ'' ਸੀ। ਸਮੇਂ ਦੇ ਨਾਲ ਹੁਣ ਇਹ ਨਿਤ ਕ੍ਰਮ ਬਦਲ ਗਿਆ ਹੈ। ਹੁਣ ਮੈਨੂੰ ਸਵੇਰ ਦਾ ਵਕਤ ਹੀ ਸਹੀ ਲਗਦਾ ਹੈ। ਮੈਨੂੰ ਖ਼ੁਦਾ ਦੇ ਨਾਲ ਦਿਨ ਦੀ ਸ਼ੁਰੂਆਤ ਕਰਨੀ ਚੰਗੀ ਲਗਦੀ ਹੈ।

ਅਕਸਰ, ਯਿਸੂ ਇਕੱਲਾ ਹੀ ਦੁਆ ਕਰਦਾ ਸੀ। ਲੂਕਾ 5: 16; 9: 18; 22:41; ਮੱਤੀ 14:23 ਪੜ੍ਹੋ। ''ਬੰਦ ਕਮਰੇ ਵਿਚ ਦੁਆ'' ਕਰਨ ਦੀ ਆਪਣੀ ਸਿੱਖਿਆ ਤੇ ਮਸੀਹ ਖ਼ੁੱਦ ਅਮਲ ਕਰਦਾ ਸੀ। ਉਸਨੇ ਕਦੀ ਬਜ਼ਾਰ ਵਿਚ ਲੋਕਾਂ ਨੂੰ ਵਿਖਾਉਣ ਲਈ ਦੁਆ ਨਹੀਂ ਕੀਤੀ! ਮੰਡਲੀ ਵਿਚ ਦੁਆ ਕਰਨ ਵਿਚ ਵੀ ''ਨਿੱਜੀ ਧਨ'' ਹੈ। ਲੂਕਾ 9: 18 ਵਿਚ ਇਕ ਦਿਲਚਸਪ ਘਟਨਾ ਵਾਪਰੀ: ''ਜਦ ਉਹ ਇਕਾਂਤ ਵਿਚ ਦੁਆ ਕਰ ਰਿਹਾ ਸੀ, ਤੇ ਚੇਲੇ ਉਸ ਦੇ ਨਾਲ ਸਨ ...'' ਇਹ ਨਾ ਤਾਂ ਜਮਾਤ ਵਿਚ ਦੁਆ ਸੀ ਅਤੇ ਨਾ ਹੀ ਗੁਪਤ। ਕੀ ਯਿਸੂ ਨੂੰ ਰਸੂਲਾਂ ਦੇ ਸਾਹਮਣੇ ਬੋਲ ਕੇ ਦੁਆ ਕਰਨ ਵਿਚ ਕੋਈ ਇਤਰਾਜ਼ ਸੀ? ਕੀ ਇਹ ''ਖ਼ਾਮੋਸ਼ ਦੁਆ'' ਸੀ? ਕੀ ''ਖ਼ਾਮੋਸ਼ੀ ਨਾਲ'' ਬਿਨਾ ਮੂੰਹ ਖੋਲ੍ਹੇ ਦੁਆ ਕੀਤੀ ਜਾ ਸਕਦੀ ਹੈ? ਕੀ ਅਸੀਂ ਭੀੜ ਵਿਚ ਦੁਆ ਕਰ ਸਕਦੇ ਹਾਂ? ਕੀ ਲੋਕਾਂ ਨੂੰ ਸੁਨਾਉਣਾ ਜ਼ਰੂਰੀ ਹੈ? ਯਿਸੂ ਨੇ ਇਕੱਲਿਆਂ ਦੁਆ ਕੀਤੀ; ਦੂਜਿਆਂ ਦੇ ਨਾਲ ਵੀ ਦੁਆ ਕੀਤੀ। ਯਿਸੂ ਨੇ ਏਕਾਂਤ ਵਿਚ ਅਤੇ ਲੋਕਾਂ ਦੇ ਵਿਚ ਵੀ ਦੁਆ ਕੀਤੀ।

## ਕਾਰਣ

ਜਦ ਉਹ ਬਹੁਤ ਮਸਰੂਫ਼ ਹੁੰਦਾ ਸੀ, ਉਦੋਂ ਵੀ ਉਹ ਦੁਆ ਕਰਦਾ ਸੀ। ਉਸ ਦੀ ਮਿਸਾਲ ਤੋਂ ਸਾਡੀ ਨਾਕਾਮੀ ਦਾ ਪਤਾ ਲਗਦਾ ਹੈ ਕਿ ਅਸੀਂ ਇੰਨੇ ਮਸਰੂਫ਼ ਹੁੰਦੇ ਹਾਂ ਕਿ ਦੁਆ ਹੀ ਨਹੀਂ ਕਰ ਪਾਉਂਦੇ। ਆਪਣੀ ਆਮ ਮਸ਼ਹੂਰੀ ਦੇ ਚਰਮ ਤੇ ਵੀ ਯਿਸੂ ਅੱਡ ਜਾ ਕੇ ਦੁਆ ਕਰਦਾ ਸੀ (ਲੂਕਾ 5:15, 16)। ਮਸ਼ਹੂਰੀ ਕਾਮਯਾਬੀ ਅਤੇ ਸ਼ਕਤੀ ਨਸ਼ੇ ਵਾਂਗ ਹਨ। ਦੁਆ ਸਮਾਂ ਬਚਾਉਣ ਵਾਲੀ ਹੈ।

ਜਿੰਨੇ ਅਸੀਂ ਵੱਧ ਮਸਰੂਫ਼ ਹੁੰਦੇ ਹਾਂ, ਓਨੀ ਹੀ ਸਾਨੂੰ ਦੁਆ ਦੀ ਵੱਧ ਲੋੜ ਹੁੰਦੀ ਹੈ। ਥਕਾਨ ਵੀ ਦੁਆ ਦੀ ਸਾਡੀ ਜ਼ਿੰਦਗੀ ਨੂੰ ਠੰਡਾ ਕਰਦੀ ਹੈ।

ਯਾਦਗਰੀ ਫ਼ੈਸਲਾ ਲੈਣ ਤੋਂ ਪਹਿਲਾਂ, ਯਿਸੂ ਨੇ ਦੁਆ ਕੀਤੀ। ਜੌਰਜ ਬਟਰਿਕ ਨੇ ਦੁਆ ਤੇ ਬੜੀ ਵਧੀਆ ਕਿਤਾਬ ਲਿਖੀ ਸੀ।[1] ਈ. ਐਮ. ਬਾਊਂਡਜ਼ ਨੇ ਯਿਸੂ ਦੀ ਦੁਆਈਆ ਜ਼ਿੰਦਗੀ ਤੇ ਬਹੁਤ ਵਧੀਆ ਗੱਲਾਂ ਲਿਖੀਆਂ ਹਨ।[2] ਉਸ ਨੇ ਮੁਲਾਂਕਣ ਕੀਤਾ, ''ਉਸ ਦੀ ਜ਼ਿੰਦਗੀ ਦੇ ਮਹਾਨ ਪਲ ਦੁਆ ਨਾਲ ਬਣੇ ਅਤੇ ਉਨ੍ਹਾਂ ਨੂੰ ਵਡਿਆਈ ਮਿਲੀ।''[3] ਯਿਸੂ ਨੇ ਆਪਣੇ ਬਪਤਿਸਮੇ ਵੇਲੇ ਦੁਆ ਕੀਤੀ (ਲੂਕਾ 3:21, 22)। ਬਾਰ੍ਹਾਂ ਸ਼ਗਿਰਦਾਂ ਨੂੰ ਚੁਣਨ ਤੋਂ ਪਹਿਲਾਂ ਉਸਨੇ ਪੂਰੀ ਰਾਤ ਦੁਆ ਕੀਤੀ (ਲੂਕਾ 6:12–16)। ਉਸਨੇ ਰੂਪ ਬਦਲਣ ਵਾਲੇ ਪਹਾੜ ਤੇ ਦੁਆ ਕੀਤੀ (ਮੱਤੀ 9:28–36)। ਸਲੀਬ ਤੇ ਜਾਣ ਤੋਂ ਪਹਿਲਾਂ ਉਸਨੇ ਗਤਸਮਨੀ ਬਾਗ ਵਿਚ ਦੁਆ ਕੀਤੀ (ਮੱਤੀ 26:36–46)। *ਯਿਸੂ ਨੇ ਆਪਣੀ ਜ਼ਿੰਦਗੀ ਦੇ ਮੀਲ ਪੱਥਰਾਂ ਤੋਂ ਪਹਿਲਾਂ, ਉਨ੍ਹਾਂ ਦੇ ਦੌਰਾਨ ਅਤੇ ਬਾਅਦ ਵਿਚ ਦੁਆ ਕੀਤੀ।* ਸਾਡੇ ਯਾਦਗਾਰੀ ਫ਼ੈਸਲੇ ਦੁਆ ਦਾ ਹੀ ਨਤੀਜਾ ਹੋਣੇ ਚਾਹੀਦੇ ਹਨ।

ਮੁਸੀਬਤ ਦੌਰਾਨ ਵੀ, ਯਿਸੂ ਨੇ ਦੁਆ ਕੀਤੀ ਸੀ। ਉਹ ਕਦੀ ਘਬਰਾਇਆ ਨਹੀਂ ਸੀ। ਜਦ ਉਸਨੇ ਵੇਖਿਆ ਕਿ ਲੋਕ ਉਸਨੂੰ ਦੁਨਿਆਵੀ ਰਾਜਾ ਬਨਾਉਣਾ ਚਾਹੁੰਦੇ ਹਨ ਤਾਂ ਉਹ ਦੁਆ ਲਈ ਪਾਸੇ ਨਿੱਕਲ ਗਿਆ (ਯੂਹੰਨਾ 6:15)। ਉਸਨੇ ਆਪਣੇ ਚੇਲਿਆਂ ਦੇ ਛੱਡ ਕੇ ਜਾਣ ਤੋਂ ਪਹਿਲਾਂ ਉਨ੍ਹਾਂ ਲਈ ਦੁਆ ਕੀਤੀ। ਉਸਨੇ ਗਤਸਮਨੀ ਵਿਚ ਦੁਆ ਕੀਤੀ। ਉਸ ਨੇ ਸਲੀਬ ਤੇ ਦੁਆ ਕੀਤੀ।

ਫ਼ੈਸਲਾਕੁੰਨ ਘਟਨਾਵਾਂ ਤੋਂ ਬਾਅਦ ਯਿਸੂ ਨੇ ਦੁਆ ਕੀਤੀ। ਅਸੀਂ ਆਪਣੀਆਂ ਲੋੜਾਂ ਵੇਲੇ ਮਦਦ ਲਈ ਦੁਆ ਕਰਦੇ ਹਾਂ; ਜਦ ਕਿ ਚਾਹੀਦਾ ਹੈ ਕਿ ਆਪਣੇ ਹੱਲ ਲਈ ਵੀ ਖ਼ੁਦਾ ਦਾ ਸ਼ੁਕਰ ਕਰਨ ਲਈ ਵੀ ਦੁਆ ਕਰੀਏ। ਨਹੀਂ ਤਾਂ ਕਾਮਯਾਬੀ ਸਾਨੂੰ ਦਬਾ ਲਵੇਗੀ। ''ਖ਼ੁਦਾ ਦੀਆਂ ਜਿੱਤਾਂ'' ਲਈ ਖ਼ੁਦਾ ਦਾ ਸ਼ੁਕਰ ਕਰਨਾ ਸਾਨੂੰ ਹਲੀਮ ਬਣਾ ਦੇਵੇਗਾ।

ਮੌਤ ਦਾ ਸਾਹਮਣਾ ਕਰਦਿਆਂ, ਯਿਸੂ ਨੇ ਦੁਆ ਕੀਤੀ। ਇਬਰਾਨੀਆਂ 5:7 ਸਾਡਾ ਧਿਆਨ ਖਿੱਚਦਾ ਹੈ: ''ਉਹ ਨੇ ਉਨ੍ਹੀਂ ਦਿਨੀਂ ਜਦ ਦੇਹ ਧਾਰੀ ਹੋਈ ਸੀ ਬਹੁਤ ਢਾਹਾਂ ਮਾਰ ਮਾਰ ਕੇ ਅਤੇ ਹੰਝੂ ਕੇਰ ਕੇਰ ਕੇ ਉਸ ਦੇ ਅੱਗੇ ਜਿਹੜਾ ਉਸ ਨੂੰ ਮੌਤ ਤੋਂ ਬਚਾ ਸਕਦਾ ਸੀ ਬੇਨਤੀ ਅਤੇ ਮਿੰਨਤਾਂ ਕੀਤੀਆਂ ਅਤੇ ਪਰਮੇਸ਼ੁਰ ਦਾ ਭੈ ਰੱਖਣ ਦੇ ਕਾਰਣ ਉਹ ਦੀ ਸੁਣੀ ਗਈ।''

(1) ਯਿਸੂ ਨੇ ਆਪਣੀ ਜਾਨ ਬਖ਼ਸ਼ਣ ਲਈ ਢਾਹਾਂ ਮਾਰ ਮਾਰ ਕੇ ਦੁਆ ਕੀਤੀ। (2) ਖ਼ੁਦਾ ਉਹਨੂੰ ਬਚਾ ਸਕਦਾ ਸੀ। (3) ਖ਼ੁਦਾ ਨੇ ਉਸ ਦੀ ਸੁਣੀ, ਪਰ ਜਵਾਬ ਦਿੱਤਾ? ''ਨਹੀਂ!'' ਯਿਸੂ ਫ਼ਰਿਸ਼ਤਿਆਂ ਦੀ ਫੌਜ ਸੱਦ ਸਕਦਾ ਸੀ, ਪਰ ਉਸ ਨੇ ਨਹੀਂ ਸੱਦੀ (ਮੱਤੀ 26:53)। ਉਸ ਨੇ ਸਲੀਬ ਨੂੰ ਪਿਤਾ ਦੀ ਸੰਭਾਲ ਵਿਚ ਦੇ ਦਿੱਤਾ!

## ਕਾਰਕ

(1) *ਯਿਸੂ ਆਗਿਆਕਾਰ ਸੀ।* ਆਗਿਆਕਾਰ ਹੋਣਾ ਬੁਨਿਆਦੀ ਤੌਰ ਤੇ ਗੰਭੀਰ ਗੱਲ ਹੈ। ਇਬਰਾਨੀਆਂ 5:7 ਅਤੇ ਲੂਕਾ 22:40–46 ਵਿਚ ਵੇਖੋ। ਯੂਹੰਨਾ ਨੇ ਸਲੀਬ ਨੂੰ ਸਿਰਫ਼ ''ਇਸ ਘੜੀ'' ਕਿਹਾ ਹੈ। ਯੂਹੰਨਾ ਵਿਚ ਅਸੀਂ ਯਿਸੂ ਨੂੰ ਜ਼ਿੰਦਗੀ ਭਰ ਵਿਚ ''ਘੜੀ'' ਨੂੰ ਧਿਆਨ ਵਿਚ ਰੱਖਦਿਆਂ ਕੰਮ ਕਰਦੇ ਵੇਖਦੇ ਹਾਂ। ਹੁਣ, ਇਹੀ ''ਘੜੀ'' ਉਸਦੀ ਫ਼ਤਹਿ ਸੀ। ਯਿਸੂ ਫਸਾਇਆ ਨਹੀਂ ਗਿਆ ਬਲਕਿ ਉਸਨੇ ਫ਼ਤਹਿ ਪਾਈ ਹੈ। ਦੁਆ ਕਰਨ ਤੋਂ ਪਹਿਲਾਂ ਵੀ ਉਹਨੂੰ ਪਤਾ ਸੀ ਕਿ ਖ਼ੁਦਾ ਕਹੇਗਾ, ''ਨਹੀਂ, ਪੁੱਤਰ। ਨਹੀਂ।'' ਇਸ ਦੇ ਬਾਵਜੂਦ ਉਸ ਨੇ ਦੁਆ ਕੀਤੀ। ਤਿੰਨ ਵਾਰ ਉਸਨੇ ਇਹੀ ਦੁਆ ਕੀਤੀ ਸੀ ਕਿ ''ਇਹ ਪਿਆਲਾ ਮੈਥੋਂ ਹਟਾ ਲੈ।'' ਪਸੀਨਾ ਲਹੂ ਦੀਆਂ ਬੂੰਦਾਂ ਦੇ ਰੂਪ ਵਿਚ ਡਿੱਗ ਰਿਹਾ ਸੀ। ਕਿਸੇ ਨੇ ਕਦੇ ਇਵੇਂ ਦੁਆ ਨਹੀਂ ਕੀਤੀ ਹੋਵੇਗੀ ਜਿਵੇਂ ਯਿਸੂ ਨੇ ਗਤਸਮਨੀ

ਵਿਚ ਕੀਤੀ ਸੀ। ਉਸ ਦਾ ਮੁੱਖ ਸਿਧਾਂਤ ਕੀ ਕੀ ਹੈ? ''ਮੇਰੀ ਨਹੀਂ ਬਲਕਿ ਤੇਰੀ ਮਰਜ਼ੀ ਪੂਰੀ ਹੋਵੇ।''

*ਪਹਿਲਾਂ ਦੁਆ ਕਰੋ।* ਕਿਉਂ? ਇਹ *ਸਮਰਪਣ ਹੈ।* ਖ਼ੁਦਾ ਸਾਨੂੰ ਤਦ ਤਕ ਇਸਤੇਮਾਲ ਨਹੀਂ ਕਰ ਸਕਦਾ ਜਦ ਤਕ ਸਾਡੀਆਂ ਦੁਆਵਾਂ ਸਮਰਪਣ, ਤਿਆਗ ਅਤੇ ਵਚਨਬੱਧਤਾ ਤੋਂ ਨਹੀਂ ਹਨ। ਤਿਆਗ ਦਾ ਮਤਲਬ ਨੁਕਸਾਨਦੇਹ ਅਸਤੀਫ਼ਾ ਨਹੀਂ ਬਲਕਿ ਉਮੀਦ ਹੈ। ਤਿਆਗ ਤੋਂ ਵੱਡੀਆਂ ਬਰਕਤਾਂ ਾਂ ਮਿਲਦੀਆਂ ਹਨ; ਜਿਸ ਵਿਚ ਮਨੁੱਖੀ ਇੱਛਾ ਨੂੰ ਸਲੀਬ ਤੇ ਚੜ੍ਹਾਉਣਾ ਹੈ। ਪੌਲੁਸ ਨੇ ਕਿਹਾ, ''ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ... '' (ਗਲਾਤੀਆਂ 2:20)। ਇਸ ਵਿਚ ਤਿਆਗ ਹੈ; ਇਸ ਵਿਚ ਨਿੱਜੀ ਮੌਤ ਹੈ। ਪੌਲੁਸ ਨੇ ਇਹ ਵੀ ਕਿਹਾ, ''ਮੈਂ ਰੋਜ਼ ਮਰਦਾ ਹਾਂ'' (1 ਕੁਰਿੰਥੀਆਂ 15:31)। ਤਿਆਗ ਸਾਨੂੰ ਆਤਮ–ਨਿਰਭਰਤਾ, ਹੰਕਾਰ, ਆਪਣੇ ਉੱਤੇ ਰਹਿਮ, ਆਪਣੇ ਆਪ ਨੂੰ ਧੋਖਾ ਦੇਣਾ, ਆਪਣੇ ਆਪ ਤੋਂ ਨਫ਼ਰਤ ਕਰਨਾ, ਆਦਿ ਤੋਂ ਛੁਡਾਉਂਦਾ ਹੈ। ਖ਼ੁਦਾ ਸਿਰਫ਼ ਵਿੱਚੋਂ ਰਚਦਾ ਹੈ। ਹਰ ਚੀਜ਼ ਜਿਸ ਨੂੰ ਖ਼ੁਦਾ ਇਸਤੇਮਾਲ ਕਰਦਾ ਹੈ, ਪਹਿਲਾਂ ਨਿਮਾਣੀ ਹੋਣੀ ਜ਼ਰੂਰੀ ਹੈ। ਇੱਛਾ ਨੂੰ ਸਲੀਬ ਤੇ ਚੜ੍ਹਾ ਦਿਓ ਨਾ ਕਿ ਲੁਕਾ ਕੇ ਰੱਖੋ। ਵਚਨ ਵਿਚ ਸਲੀਬੀ ਮੌਤ ਦੇ ਨਾਲ ਫੇਰ ਜ਼ਿੰਦਾ ਹੋਣਾ ਜੁੜਿਆ ਹੋਇਆ ਹੈ। ਅਸੀਂ ਆਪਣੇ ਆਪ ਨੂੰ ਖਾਲੀ ਕਰਨ ਦੀ ਦੁਆ, ਸਮਰਪਣ ਦੀ ਦੁਆ, ਤਿਆਗ ਕਰਨ ਦੀ ਦੁਆ, ਛੁੱਟਣ ਦੀ ਦੁਆ, ਜੀ ਉੱਠਣ ਦੀ ਦੁਆ ਕਰਦੇ ਹਾਂ। ਯਿਸੂ ਰੋਟੀ ਲਈ ਖ਼ੁਦਾ ਉੱਤੇ ਭਰੋਸਾ ਰੱਖਦਾ ਸੀ (ਮੱਤੀ 4:1–4)। ਉਸ ਨੂੰ ਜੀ ਉੱਠਣ ਲਈ ਖ਼ੁਦਾ ਉੱਤੇ ਭਰੋਸਾ ਸੀ।

(2) *ਯਿਸੂ ਨੇ ਆਪਣੇ ਲਈ ਦੁਆ ਕੀਤੀ।* ਇਸ ਤੋਂ ਕੁਝ ''ਬਹੁਤੇ–ਭਗਤ'' ਪਰੇਸ਼ਾਨ ਹੋਣਗੇ, ਜਿਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਅਜਿਹੀਆਂ ਦੁਆਵਾਂ ਦੀ ਲੋੜ ਨਹੀਂ ਹੈ। ਯੂਹੰਨਾ 17 ਅਧਿਆਇ ਨੂੰ ਧਿਆਨ ਨਾਲ ਪੜ੍ਹੋ। ਯਿਸੂ ਨੇ ਪਹਿਲਾਂ ਆਪਣੇ ਲਈ ਦੁਆ ਕੀਤੀ। ਉਸਨੇ ਆਪਣੀ ਮੌਤ ਦੇ ਵਸੀਲੇ ਆਪਣੀ ਵਡਿਆਈ ਲਈ ਦੁਆ ਕੀਤੀ। ਉਸਦੀ ਦੁਆ ਵਿਚ ਕੋਈ ਵਿਰੋਧਾਭਾਸ ਨਹੀ ਹੈ। ਈ. ਐਮ. ਬਾਉਂਡਜ਼ ਨੇ ਕਿਹਾ ਹੈ, ''ਦੁਆ ਉਸਦੀ ਤਾਕਤ ਦਾ ਰਾਜ਼, ਉਸਦੀ ਜ਼ਿੰਦਗੀ ਦਾ ਅਸੂਲ, ਉਸਦੀ ਸੰਗਤੀ ਅਤੇ ਉਸਦੀ ਕੁੱਵਤ ਦਾ ਵਸੀਲਾ ਸੀ।''[4] ਸਮਰਪਿਤ ਭਾਈ ਇਕ ਦੂਜੇ ਲਈ ਦੁਆ ਕਰ ਸਕਦੇ ਹਨ।

(3) *ਯਿਸੂ ਨੇ ਦੂਜਿਆਂ ਲਈ ਦੁਆ ਕੀਤੀ।* ਯੂਹੰਨਾ 17 ਫੇਰ ਪੜ੍ਹੋ। ਉਸ ਨੇ ਰਸੂਲਾਂ ਲਈ ਦੁਆ ਕੀਤੀ; ਉਸ ਨੇ ਕਲੀਸੀਆ ਲਈ ਦੁਆ ਕੀਤੀ; ਉਸ ਨੇ ਸਾਡੇ ਲਈ ਦੁਆ ਕੀਤੀ। ਉਸ ਨੇ ਆਪਣੇ ਦੁਸ਼ਮਣਾਂ ਲਈ ਦੁਆ ਕੀਤੀ (ਲੂਕਾ 23:34; ਮੱਤੀ 5:44)। ਉਸ ਨੇ ਸਲੀਬ ਉੱਤੇ ਯੂਹੰਨਾ ਨੂੰ ਆਪਣੀ ਮਾਂ ਦੀ ਦੇਖਭਾਲ ਦਾ ਹੁਕਮ ਦਿੰਦੇ ਹੋਏ ਉਸ ਲਈ ਦੁਆ ਕੀਤੀ। ਉਸ ਨੇ ਪਵਿੱਤਰ ਆਤਮਾ ਲਈ ਦੁਆ ਕੀਤੀ (ਯੂਹੰਨਾ 14:16)।

(4) ਯਿਸੂ ਨੇ ਧੰਨਵਾਦ ਨਾਲ ਦੁਆ ਕੀਤੀ। ਜਦ ਅਸੀਂ ਖ਼ੁਦਾ ਨੂੰ ਵੇਖਦੇ ਹਾਂ, ਤਾਂ ਸੁੰਨਵੱਟੇ ਹੋ ਕੇ ਖ਼ਾਮੋਸ਼ ਹੋ ਜਾਂਦੇ ਹਾਂ। ਯਿਸੂ ਨੇ ਖਾਣੇ ਲਈ, ਆਪਣੀ ਸਫ਼ਲ ਸੇਵਕਾਈ ਲਈ, ਲਾਜ਼ਰ ਦੇ ਜੀ ਉੱਠਣ ਲਈ ਖ਼ੁਦਾ ਦਾ ਸ਼ੁਕਰ ਕੀਤਾ। ਉਸਨੇ ਲਗਨ ਨਾਲ ਦੁਆ ਕੀਤੀ। ਉਸਦਾ ਪਸੀਨਾ ਲਹੂ ਵਾਂਗੂੰ ਡਿੱਗ ਰਿਹਾ ਸੀ। ਯਿਸੂ ''ਦੁਆ ਕਰਨ ਵਾਲਾ ਮਸੀਹ'' ਹੈ।

***''ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ। ਮੈਨੂੰ ਯਕੀਨ ਨਾਲ ਦੁਆ ਕਰਨਾ ਸਿਖਾ ਦੇ।''***

---

ਟਿੱਪਣੀਆਂ

[1]ਜੌਰਜ ਏ. ਬਟਰਿਕ, *ਪ੍ਰੇਅਰ* (ਨਿਊ ਯਾਰਕ: ਅਬਿੰਗਡਨ ਪ੍ਰੈਸ, 1942)। [2]ਈ. ਐਮ. ਬਾਉਂਡਜ਼, *ਦ ਰਿਏਲਟੀ ਆਫ਼ ਪ੍ਰੇਅਰ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ 1924)। [3]ਉਹੀ, 70। [4]ਉਹੀ 73.